ਬਜਿਲਈ ਵਾਹਨ ਨੂੰ ਚਲਾਉਣ ਬਾਰੇ ਸਭ ਕੁਝ ਜੋ ਤੁਹਾਨੂੰ ਜਾਨਣ ਦੀ ਜ਼ਰੂਰਤ ਹੈ

ਅਸੀ ਬਜਿਲਈ ਵਾਹਨਾਂ ਨਾਲ ਆਪਣਾ ਪਿਆਰ ਤੁਹਾਡੇ ਨਾਲ ਵੰਡਣ ਲਈ ਸੱਚਮੁੱਚ ਉਤਾਵਲੇ ਹਾਂ| ਸਖਿਲਾਈ ਦੀ ਕਰਵ ਨੂੰ ਥੋੜ੍ਹਾ ਘੱਟ ਗੋਲਾਈਦਾਰ ਬਣਾਉਣ ਲਈ, ਤੁਹਾਡੇ ਲਈ ਬਜਿਲਈ ਵਾਹਨ ਨੂੰ ਚਲਾਉਣ ਲਈ ਕੁਝ ਸੁਝਾਅ ਅਤੇ ਤਰੀਕੇ ਪੇਸ਼ ਹਨ| ਇੱਕ ਵਾਰ ਤੁਹਾਨੂੰ ਇਸ ਦੀ ਜਾਚ ਆ ਗਈ, ਤਾਂ ਇਹ ਬਹੁਤ ਸੌਖਾ ਹੈ!

emotive

ਬਜਿਲਈ ਵਾਹਨ ਚਾਲੂ ਕਰਨ ਤੇ ਆਵਾਜ਼ ਨਹੀਂ ਕਰਦੇ|

ਜਆਿਦਾਤਰ ਬਜਿਲਈ ਕਾਰਾਂ ਬ੍ਰੇਕ ਤੇ ਪੈਰ ਰੱਖ ਕੇ ਚਾਲੂ ਕੀਤੀਆਂ ਜਾਂਦੀਆਂ ਹਨ, ਇਹ ਨਸ਼ਿਚਤਿ ਕਰ ਕੇ ਕਿ ਕਾਰ ਪਾਰਕ ਦੀ ਸਥਤਿੀ ਵਿੱਚ ਹੈ, ਅਤੇ ਓਨ ਦੇ ਬਟਨ ਨੂੰ ਦਬਾ ਕੇ| ਜਦੋਂ ਤੁਸੀ ਓਨ ਦੇ ਬਟਨ ਨੂੰ ਦਬਾਉਂਦੇ ਹੋ ਤਾਂ ਤੁਹਾਡੀ ਕਾਰ ਚਾਲੂ ਹੋ ਜਾਵੇਗੀ ਅਤੇ ਇਹ ਤੁਹਾਡੀ ਆਮ ਬਾਲਣ ਨਾਲ ਚੱਲਣ ਵਾਲੀ ਕਾਰ ਵਰਗੀ ਆਵਾਜ਼ ਨਹੀ ਕਰੇਗੀ| ਅਸਲ ਵਿੱਚ, ਇਹ ਕੋਈ ਆਵਾਜ਼ ਨਹੀ ਕਰੇਗੀ| ਪਹਲਿਾਂ ਪਹਲਿ ਤੁਹਾਨੂੰ ਲੱਗੇਗਾ ਕਿ ਕਾਰ ਚਾਲੂ ਨਹੀਂ ਹੋਈ, ਪਰ ਭਰੋਸਾ ਰੱਖੋ ਇਹ ਹੋ ਚੁੱਕੀ ਹੈ| ਤੁਹਾਡੀਆਂ ਡੈਸ਼ ਲਾਈਟਾਂ ਅਤੇ ਡਸਿਪਲੇ ਇਹ ਪੱਕਾ ਕਰਨਗੇ ਕਿ ਕਾਰ ਅਸਲ ਵਿੱਚ ਚਾਲੂ ਹੋ ਚੁੱਕੀ ਹੈ| ਬਜਿਲਈ ਚਲਾਉਣ ਦੀ ਮਿੱਠੀ ਸਾਂਤੀ ਵਿੱਚ ਤੁਹਾਡਾ ਸਵਾਗਤ ਹੈ|

ਸ਼ਹਰਿ ਵਿੱਚ ਇੱਕ ਨਵੀ ਤਰ੍ਹਾਂ ਦੀ ਬ੍ਰੇਕੰਿਗ ਆਈ ਹੈ - ਰੀਜੇਨਰੇਟਵਿ ਬ੍ਰੇਕੰਿਗ|

ਜਦੋਂ ਤੁਸੀ ਗੈਸ ਪੈਡਲ ਤੋਂ ਪੈਰ ਚੁੱਕਦੇ ਹੋ, ਬਜਿਲੀ ਦੀ ਮੋਟਰ ਰੁਕਾਵਟ ਪੈਦਾ ਕਰਦੀ ਹੈ ਜਸਿ ਨਾਲ ਕਾਰ ਹੌਲੀ ਹੋ ਜਾਂਦੀ ਹੈ ਅਤੇ ਨਾਲ ਹੀ ਸ਼ਕਤੀ ਵੀ ਉਪਜਦੀ ਹੈ| ਇਹ ਤੁਹਾਡੀ ਕਾਰ ਹੈ ਜੋ ਬਜਿਲੀ ਪੈਦਾ ਕਰ ਰਹੀ ਹੈ! ਇਹ ਅਜਹਿਾ ਕਰਦੀ ਹੈ ਜਦੋਂ ਤੁਸੀ ਬ੍ਰੇਕ ਲਾਉਂਦੇ ਹੋ ਅਤੇ ਜਦੋਂ ਤੁਸੀ ਢਲਾਣ ਤੋਂ ਥੱਲੇ ਆਉਂਦੇ ਹੋ| ਆਮ ਤੌਰ ਤੇ ਗੈਸ ਨਾਲ ਚੱਲਣ ਵਾਲੀਆਂ ਕਾਰਾਂ ਚਲਾਉਣ ਵਾਲੇ ਲੋਕਾਂ ਲਈ ਇਹ ਇੱਕ ਨਵਾਂ ਅਨੁਭਵ ਹੈ|

ਜੇਕਰ ਇਸਦੀ ਆਦਤ ਛੇਤੀ ਨਹੀ ਪੈਂਦੀ ਤਾਂ ਜਆਿਦਾਤਰ ਬਜਿਲਈ ਕਾਰਾਂ ਵਿੱਚ ਰੀਗਨ ਸੈਟੰਿਗ ਨਾਮ ਦੀ ਇੱਕ ਚੀਜ਼ ਹੁੰਦੀ ਹੈ| ਤੁਸੀ ਜੇਕਰ ਚਾਹੋ ਤਾਂ ਆਪਣੀ ਕਾਰ ਨੂੰ ਜਆਿਦਾ ਆਰਾਮਦਾਇਕ ਸੈਟੰਿਗ ਤੇ ਸੈੱਟ ਕਰ ਸਕਦੇ ਹੋ|

ਆਪਣੇ ਪਲੱਗਾਂ ਬਾਰੇ ਜਾਨਣਾ ਵੀ ਮਹੱਤਵਪੂਰਨ ਹੈ|

ਜਆਿਦਾਤਰ ਬਜਿਲਈ ਕਾਰਾਂ ਵਿੱਚ ਜਨਤਕ ਤੇਜ਼ ਚਾਰਜ ਕਰਨ ਵਾਲਆਿਂ ਸਟੇਸ਼ਨਾਂ ਤੇ ਵਰਤਣ ਲਈ CCS ਜਾਂ ChaDEmo ਪੋਰਟ ਹੁੰਦੇ ਹਨ, ਅਤੇ ਇਹਨਾਂ ਸਟੇਸ਼ਨਾਂ ਤੇ ਵੀ ਦੋਨਾਂ ਤਰ੍ਹਾਂ ਦਾ ਇੱਕ ਇੱਕ ਕੁਨੈਕਟਰ ਹੁੰਦਾ ਹੈ|

ਟੇਸਲਾ ਵਾਹਨਾਂ ਦਾ ਆਪਣਾ ਵੱਖਰਾ ਪਲੱਗ ਹੁੰਦਾ ਹੈ ਅਤੇ ਟੇਸਲਾ ਆਪਣੇ ਸੁਪਰ ਚਾਰਜਰ ਸਟੇਸ਼ਨ ਦੀ ਵਰਤੋਂ ਕਰਦੇ ਹਨ| ਤੁਸੀ ਆਪਣੀ ਟੇਸਲਾ ਜਨਤਕ ਸਟੇਸ਼ਨ ਤੇ ਚਾਰਜ ਕਰਨ ਲਈ ਇੱਕ ChaDEmo ਅਡੈਪਟਰ ਖਰੀਦ ਸਕਦੇ ਹੋ|

ਸਾਰੀਆਂ ਬਜਿਲਈ ਕਾਰਾਂ ਸਧਾਰਨ 'ਜੇ-ਪਲੱਗ' ਚਾਰਜੰਿਗ ਸਟੇਸ਼ਨ ਦੀ ਵਰਤੋਂ ਕਰ ਸਕਦੀਆਂ ਹਨ (ਟੇਸਲਾ ਵਿੱਚ ਅਡੈਪਟਰ ਹੁੰਦਾ ਹੈ)| ਇਹ ਘਰਾਂ, ਕੰਮ ਵਾਲੀਆਂ ਥਾਂਵਾਂ, ਕਮਊਿਨਟੀ ਸੈਂਟਰ, ਮਾਲ ਅਤੇ ਪਾਰਕਾਂ ਵਿੱਚ ਹੁੰਦੇ ਹਨ|

ਇੱਕ ਚਾਰਜੰਿਗ ਐਪ ਜਾਂ ਕਾਰਡ ਲੈ ਲਓ

ਜਆਿਦਾਤਰ ਜਨਤਕ ਚਾਰਜੰਿਗ ਸਟੇਸ਼ਨਾਂ ਤੇ ਸੈਸ਼ਨ ਸ਼ੁਰੂ ਕਰਨ ਲਈ RFID ਕਾਰਡ ਜਾਂ ਸਮਾਰਟ ਫੋਨ ਐਪ ਦੀ ਜ਼ਰੂਰਤ ਪੈਂਦੀ ਹੈ| ਅਸਲ ਵਿੱਚ ਬੀ ਸੀ ਵਿੱਚ ਸਭ ਕੁਝ ਫਲੋਅ, ਚਾਰਜਪੁਆਇੰਟ, ਜਾਂ ਗ੍ਰੀਨਲੌਟਜ਼ ਨੈੱਟਵਰਕ ਤੇ ਹੈ| ਇਹਨਾਂ ਨੂੰ ਇਸਤੇਮਾਲ ਕਰਨ ਲਈ ਤੁਹਾਨੂੰ ਅਕਾਊਂਟ ਦੀ ਲੋੜ ਪਵੇਗੀ|

ਇਹ ਦੋ ਐਪ ਡਾਊਨਲੋਡ ਕਰੋ:

1. ਗ੍ਰੀਨਲੌਟਜ਼ (ਇਹ ਆਪਣੇ ਆਪ ਚੱਲਦਾ ਹੈ)

2. ਫਲੋਅ, ਚਾਰਜਪੁਆਇੰਟ, ਜਾਂ ਬੀਸੀ ਹਾਈਡਰੋ ਈਵੀ - ਇਹਨਾਂ ਵਿੱਚੋਂ ਕੋਈ ਵੀ ਤੀਨਾਂ ਲਈ ਚੱਲ ਸਕਦਾ ਹੈ|

ਕੁਝ ਹੋਰ ਲਾਭਦਾਇਕ ਐਪ ਦੇਖੋ

ਕੋਈ ਵੀ ਨੈੱਟਵਰਕ ਹੋਵੇ - ਆਪਣੇ ਨੇੜੇ ਜਨਤਕ ਚਾਰਜੰਿਗ ਸਟੇਸ਼ਨ ਦੀ ਭਾਲ ਕਰਨ ਲਈ ਪਲੱਗਸ਼ੇਅਰ ਡਾਊਨਲੋਡ ਕਰੋ| ਤੁਸੀ ਵਸ਼ਿੇਸ਼ ਕਸਿਮਾਂ ਦੀ ਚੋਣ ਕਰ ਸਕਦੇ ਹੋ, ਉਹਨਾਂ ਦੀ ਵਰਤੋਂ ਬਾਰੇ ਸਾਰੀ ਜਾਣਕਾਰੀ ਲੈ ਸਕਦੇ ਹੋ, ਅਤੇ ਹੋਰ ਡ੍ਰਾਇਵਰਾਂ ਦੇ ਸੁਝਾਅ ਵੀ ਪੜ੍ਹ ਸਕਦੇ ਹੋ|

ਬੈੱਟਰ ਰੂਟ ਪਲੈਨਰ ਇੱਕ ਅਜਹਿਾ ਐਪ ਹੈ ਜੋ ਕਿ ਤੁਹਾਡੇ ਵਾਹਨ ਦੀ ਕਸਿਮ ਅਤੇ ਤੁਹਾਡੀ ਮੰਜਲਿ ਦੇ ਅਧਾਰ ਤੇ ਤੁਹਾਡੇ ਲਈ ਚਾਰਜ ਕਰਨ ਵਾਸਤੇ ਸਭ ਤੋਂ ਵਧੀਆ ਥਾਵਾਂ ਦਾ ਅਨੁਮਾਨ ਲਗਾਉਂਦਾ ਹੈ| ਇਹ ਇਸ ਗੱਲ ਦਾ ਅਨੁਮਾਨ ਵੀ ਲਗਾਏਗਾ ਕਿ ਤੁਸੀ ਜਿੱਥੇ ਜਾ ਰਹੇ ਹੋ ਓਥੇ ਪਹੁੰਚਣ ਲਈ ਤੁਹਾਨੂੰ ਕੰਿਨਾ ਸਮਾਂ ਲੱਗੇਗਾ ਅਤੇ ਇਸ ਤੇ ਕੰਿਨਾ ਖਰਚ ਆਵੇਗਾ| ਤੁਸੀ ਮੌਸਮ, ਸੜਕ ਦੀ ਸਥਤਿੀ, ਅਤੇ ਹੋਰ ਬਹੁਤ ਸਾਰੇ ਵਕਿਲਪ ਬਦਲ ਬਦਲ ਕੇ ਚੰਗੀ ਤਰ੍ਹਾਂ ਘੋਖ ਕਰ ਸਕਦੇ ਹੋ|

ਚਾਰਜੰਿਗ ਸਟੇਸ਼ਨ ਦੇ ਤੌਰ ਤਰੀਕਆਿਂ ਬਾਰੇ ਜਾਣੋ

ਨਵੇਂ ਵਅਿਕਤੀ ਨੋਟ ਕਰਨ: ਚਾਰਜੰਿਗ ਸਟੇਸ਼ਨ ਦੇ ਤੌਰ ਤਰੀਕਆਿਂ ਦੇ ਕੁਝ ਨਯਿਮ ਹਨ ਜਹਿਨਾਂ ਦਾ ਪਾਲਣ ਕਰਨ ਦੀ ਅਸੀ ਪੁਰਜੋਰ ਸਫਿਾਰਸ਼ਿ ਕਰਦੇ ਹਾਂ|

1. ਜੇਕਰ ਤੁਸੀ ਕਸਿੇ ਤੇਜ਼ ਚਾਰਜਰ ਤੇ ਹੋ, ਆਪਣੀ ਚਾਰਜੰਿਗ ਨੂੰ 30 - 40 ਮੰਿਟ ਤੱਕ ਸੀਮਤਿ ਰੱਖੋ| ਪੂਰਾ ਭਰਨ ਦੇ ਕਰੀਬ ਵੈਸੇ ਵੀ ਚਾਰਜੰਿਗ ਦੀ ਗਤੀ ਘਟ ਜਾਂਦੀ ਹੈ ਅਤੇ ਚਾਰਜ ਕਰਨ ਲਈ ਇੰਤਜਾਰ ਕਰ ਰਹੇ ਹੋਰ ਲੋਕਾਂ ਦਾ ਇੰਤਜਾਰ ਦਾ ਸਮਾਂ ਘਟਾਉਣਾ ਬਹੁਤ ਚੰਗੀ ਗੱਲ ਹੈ|

2. ਕੋਈ ਵੀ ਚਾਰਜੰਿਗ ਦੀ ਕਸਿਮ ਹੋਵੇ, ਇੱਕ ਵਾਰੀ ਆਪਣੀ ਜ਼ਰੂਰਤ ਪੂਰੀ ਹੋਣ ਤੇ ਆਪਣਾ ਵਾਹਨ ਓਥੋਂ ਹਟਾ ਲਓ| ਉਹ ਵਅਿਕਤੀ ਨਾ ਬਣੋ ਜੋ ਚਾਰਜੰਿਗ ਪੂਰੀ ਹੋਣ ਤੋਂ ਬਾਦ ਵੀ ਲੰਬੇ ਸਮੇਂ ਤੱਕ ਓਥੇ ਹੀ ਖੜ੍ਹਾ ਰਹੰਿਦਾ ਹੈ| ਇਹ ਅੱਛਾ ਨਹੀ ਲੱਗਦਾ|

3. ਜਦੋਂ ਤੁਹਾਡੀ ਕਾਰ ਚਾਰਜ ਹੋ ਰਹੀ ਹੋਵੇ ਤਾਂ ਤੁਹਾਨੂੰ ਉਥੇ ਠਹਰਿਨ ਦੀ ਲੋੜ ਨਹੀਂ ਹੈ| ਫਰਿ ਵੀ, ਆਪਣੀ ਚਾਰਜੰਿਗ ਤੇ ਨਜ਼ਰ ਰੱਖਣ ਲਈ ਚਾਰਜੰਿਗ ਸਟੇਸ਼ਨ ਐਪ ਦੀ ਵਰਤੋਂ ਕਰੋ, ਤਾਂ ਜੋ ਤੁਸੀ ਆਪਣੀ ਕਾਰ ਭਰ ਜਾਣ ਤੇ ਓਥੋਂ ਹਟਾ ਸਕੋ|

ਜੇਕਰ ਤੁਸੀ ਆਪਣੀ ਬਜਿਲਈ ਕਾਰ ਨੂੰ ਪਸੰਦ ਕਰਦੇ ਹੋ, ਤਾਂ ਬਜਿਲਈ ਕਾਰ ਦੇ ਪ੍ਰਤੀਨਧਿੀ ਬਣਨ ਬਾਰੇ ਵਚਿਾਰ ਕਰੋ|

ਪੂਰੇ ਸੂਬੇ ਵੱਿਚ ਬਜਿਲਈ ਵਾਹਨਾਂ ਪ੍ਰਤੀ ਬਹੁਤ ਦਲਿਚਸਪੀ ਹੈ ਅਤੇ ਸਭ ਤੋਂ ਵਧੀਆ ਸੱਿਖਆਿ ਬਜਿਲਈ ਵਾਹਨਾਂ ਦੇ ਚਾਲਕ ਆਪ ਪ੍ਰਦਾਨ ਕਰ ਸਕਦੇ ਹਨ| ਜੇਕਰ ਤੁਸੀ ਲੋਕਾਂ ਨੂੰ ਬਜਿਲਈ ਜਉਿਣ ਬਾਰੇ ਸਭ ਕੁਝ ਦੱਸਣਾ ਚਾਹੁੰਦੇ ਹੋ, ਤਾਂ ਸਾਇਦ ਸਥਾਨਕ ਬਜਿਲਈ ਵਾਹਨ ਕਲੱਬ ਦਾ ਹੱਿਸਾ ਬਣ ਸਕਦੇ ਹੋ, ਅਤੇ ਸਾਡੇ ਐਮਬੈਸਡਰਜ਼ ਓਫ ਇਮੋਟਵਿ ਬੀਸੀ ਦੇ ਅਮਲੇ ਨਾਲ ਵਲੰਟੀਅਰ ਕਰਨ ਲਈ ਰਜਸਿਟਰ ਕਰੋ| ਅਸੀ #ਇਲੈਕਟ੍ਰਕਿਜੀਓ ਕਵਿੇਂ ਕਰੀਏ, ਦੀ ਸਾਂਝ ਪਾਉਣ ਵੱਿਚ ਖੁਸੀ ਮਹਸੂਿਸ ਕਰਦੇ ਹਾਂ|

ਹੋਰ ਜਾਣਕਾਰੀ ਪ੍ਰਾਪਤ ਕਰੋ